# ਦਲਿਤ-ਚੇਤਨਾ ਦੀ ਦਸਤਾਵੇਜ਼ : ਛਾਂਗਿਆ ਰੁੱਖ

ਬਲਬੀਰ ਮਾਧੋਪੁਰੀ ਸਮਕਾਲੀ ਪੰਜਾਬੀ ਸਾਹਿਤ ਵਿਚ ਉੱਭਰਨ ਵਾਲਾ ਚਰਚਾਯੋਗ ਨਵਾਂ ਹਸਤਾਖਰ ਹੈ।ਉਸ ਨੇ ਦਲਿਤ ਚੇਤਨਾ ਅਤੇ ਸੰਵੇਦਨਾ ਦੇ ਮਾਧਿਅਮ ਰਾਹੀਂ ਆਪਣੀ ਨਿਵੇਕਲੀ ਸਾਹਿਤਕ ਪਛਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੀਆਂ ਹੁਣ ਤਕ ਸੱਤ ਮੌਲਿਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਦੋ ਕਾਵਿ-ਸੰਗ੍ਰਹਿ - ਮਾਰੂ ਥਲ ਦਾ ਬਿਰਖ ਤੇ ਭਖਦਾ ਪਾਤਾਲ , ਇਕ ਸਫ਼ਰਨਾਮਾ - ਸਮੁੰਦਰ ਦੇ ਸੰਗ ਸੰਗ - ਅਤੇ ਇਕ ਸਵੈ-ਜੀਵਨੀ ਮੂਲਕ ਰਚਨਾ - ਛਾਂਗਿਆ ਰੁੱਖ - ਸ਼ਾਮਿਲ ਹਨ। ਮਾਧੋਪੁਰੀ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਮਾਰੂਥਲ ਦਾ ਬਿਰਖ ਅਤੇ ਭਖ਼ਦਾ ਪਾਤਾਲ ਕਾਵਿ-ਸੰਗ੍ਰਹਿਆਂ ਰਾਹੀਂ ਕੀਤੀ। ਇਨ੍ਹਾਂ ਦੋਹਾਂ ਪੁਸਤਕਾਂ ਵਿਚਲੀ ਵਿਲੱਖਣ ਕਾਵਿਸ਼ੈਲੀ ਅਤੇ ਕਾਵਿ-ਸੰਵੇਦਨਾ ਦੀ ਨਿਵੇਕਲੀ ਨੁਹਾਰ ਨੇ ਪੰਜਾਬੀ ਪਾਠਕਾਂ ਨੂੰ ਨਿਰਾ ਆਕਰਸ਼ਿਤ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਸੁਹਿਰਦਤਾ ਨੂੰ ਵੀ ਟੁੰਬਿਆ ਹੈ। ਸਾਹਿਤਕ ਖੇਤਰ ਵਿਚ ਅਜਿਹਾ ਕਦੇ ਕਦੇ ਹੀ ਵਾਪਰਦਾ ਹੈ। ਪੰਜਾਬੀ ਦੇ ਅਦਬੀ ਹਲਕਿਆਂ ਵਿਚ ਮਾਧੋਪੁਰੀ ਦੀ ਕਾਵਿ-ਸੰਵੇਦਨਾ ਨੂੰ ਪ੍ਰਸੰਸਾ-ਭਰਪੂਰ ਹੁੰਗਾਰਾ ਪ੍ਰਾਪਤ ਹੋਇਆ। ਇਨ੍ਹਾਂ ਕਵਿਤਾਵਾਂ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬੀ ਸਮਾਜ ਦੇ ਦਲਿਤ-ਯਥਾਰਥ ਨੂੰ ਮੂਰਤੀਮਾਨ ਕਰਨ ਦਾ ਉਪਰਾਲਾ ਕਰਦੀਆਂ ਹਨ। ਇਨ੍ਹਾਂ ਵਿਚ ਦਲਿਤ ਮਨੁੱਖ ਦੇ ਮਨੋਸੰਤਾਪ ਨੂੰ ਧੀਮੇ ਪਰ ਠੋਸ ਅਹਿਸਾਸ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹ ਦਲਿਤ ਵਰਗ ਦੇ ਮਨ-ਅੰਤਰ ਵਿਚ ਪੈਦਾ ਹੋ ਰਹੇ ਰੋਹ ਅਤੇ ਵਿਦਰੋਹ ਨੂੰ ਵੀ ਜ਼ੁਬਾਨ ਦਿੰਦੀਆਂ ਹਨ।

ਪੰਜਾਬੀ ਵਿਚ ਇਸ ਕਿਸਮ ਦੀ ਰੋਹ-ਭਰਪੂਰ, ਧੀਮੇ ਸੁਰ ਅਤੇ ਠੋਸ ਅਹਿਸਾਸ ਵਾਲੀ ਕਵਿਤਾ ਪਹਿਲੀ ਵਾਰੀ ਸਾਮ੍ਹਣੇ ਆਈ ਹੈ ਜਿਸ ਦਾ ਭਰਵਾਂ ਸਵਾਗਤ ਵੀ ਹੋਇਆ ਹੈ। ਇਥੇ ਸਾਡਾ ਸਰੋਕਾਰ ਬਲਬੀਰ ਮਾਧੋਪੁਰੀ ਦੀ ਨਵ-ਪ੍ਰਕਾਸ਼ਿਤ ਪੁਸਤਕ ਛਾਂਗਿਆ ਰੁੱਖ ਨਾਲ ਹੈ। ਵਿਧਾ ਦੀ ਦ੍ਰਿਸ਼ਟੀ ਤੋਂ ਇਹ ਪੁਸਤਕ ਇਕ ਸਵੈ-ਜੀਵਨੀ ਮੂਲਕ ਰਚਨਾ ਹੈ। ਇਸ ਵਿਚ ਲੇਖਕ ਨੇ ਆਪਣੇ ਜੀਵਨ ਦੇ ਮੁੱਢਲੇ 45 ਵਰ੍ਹਿਆਂ ਦੌਰਾਨ ਵਾਪਰੀਆਂ ਘਟਨਾਵਾਂ ਸਥਿਤੀਆਂ ਅਤੇ ਅਨੁਭਵੀ ਛਿਣਾਂ ਨੂੰ ਬਿਆਨ ਕੀਤਾ ਹੈ। ਇਸ ਪੁਸਤਕ ਦੀ ਖੂਬਸੂਰਤ ਵਾਰਤਕ-ਸ਼ੈਲੀ ਬੜੇ ਹੀ ਸਹਿਜ ਅਤੇ ਸਰਲ ਢੰਗ ਨਾਲ ਪਾਠਕ ਨੂੰ ਸੰਬੋਧਿਤ ਹੁੰਦੀ ਹੈ ਅਤੇ ਪ੍ਰਭਾਵਸ਼ਾਲੀ ਬਿਰਤਾਂਤ ਦੀ ਉਸਾਰੀ ਕਰਦੀ ਹੈ। ਪੁਸਤਕ ਵਿਚਲੇ ਇਸ ਸੰਵੇਦਨਸ਼ੀਲ ਬਿਰਤਾਂਤ ਦੀ ਖ਼ਾਸੀਅਤ ਇਹ ਹੈ ਕਿ ਇਹ ਸੁਹਿਰਦ ਪਾਠਕ ਨੂੰ ਆਪਣੇ ਜਾਦੂਈ ਪ੍ਰਭਾਵ ਰਾਹੀਂ ਕੀਲਦਾ ਵੀ ਹੈ ਅਤੇ ਉਸ ਪਾਸੋਂ ਚਿੰਤਨਸ਼ੀਲ ਹੁੰਗਾਰਾ ਵੀ ਮੰਗਦਾ ਹੈ। ਇਸ ਦੀ ਇਸੇ ਕਿਸਮ ਦੀ ਵਿਧਾਗਤ ਵਿਲੱਖਣਤਾ ਨੂੰ ਪਛਾਣਦਿਆਂ ਡਾ. ਸੁਤਿੰਦਰ ਸਿੰਘ ਨੂਰ ਨੇ ਲਿਖਿਆ ਹੈ :

"ਪੰਜਾਬੀ ਵਿਚ ਬਹੁਤ ਸਾਰੀਆਂ ਸਵੈ-ਜੀਵਨੀਆਂ ਲਿਖੀਆਂ ਗਈਆਂ ਹਨ ਤੇ ਉਨ੍ਹਾਂ ਵਿਚੋਂ ਕਈ ਚਰਚਿਤ ਵੀ ਹਨ, ਪਰ ਓਨੀਆਂ ਆਪਣੇ ਯਥਾਰਥ ਜਾਂ ਸੱਚ ਕਰਕੇ ਨਹੀਂ ਜਿੰਨੀਆਂ ਸ਼ੈਲੀ ਜਾਂ ਕੁਝ ਹੋਰ ਪੱਖਾਂ ਕਰਕੇ। ਵਧੇਰੇ ਸਵੈ-ਜੀਵਨੀਆਂ ਮੱਧਸ੍ਰੇਨਿਕ ਲੇਖਕਾਂ ਦੀਆਂ ਹਨ, ਜਿਨ੍ਹਾਂ ਵਿਚ ਕਈ ਵਾਰ ਆਤਮ ਪ੍ਰਦਰਸ਼ਨ ਦੇ ਅੰਸ਼ ਵੀ ਸੁਭਾਵਿਕ ਹੁੰਦੇ ਹਨ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆ ਰੁੱਖ ਅਜਿਹੀ ਪਹਿਲੀ ਸਵੈ-ਜੀਵਨੀ ਹੈ ਜਿਸ ਵਿਚ ਦਲਿਤ ਯਥਾਰਥ ਨੂੰ ਉਸ ਆਤਮ-ਪ੍ਰਦਰਸ਼ਨ ਤੋਂ ਬਿਨਾਂ ਪੇਸ਼ ਕੀਤਾ ਗਿਆ ਹੈ। ਦਲਿਤ ਵਿਅਕਤੀ ਦੀ ਉਸ ਭਾਰਤੀ ਸਮਾਜਿਕ ਸੰਰਚਨਾ ਵਿਚ ਤ੍ਰਾਸਦੀ, ਸੰਘਰਸ਼ ਤੇ ਵਿਕਾਸ ਨੂੰ ਪੇਸ਼ ਕਰਨ ਲਈ ਜਿਸ ਵਿਚਾਰਧਾਰਕ ਚੇਤਨਾ ਦੀ ਲੋੜ ਹੈ, ਉਹ ਇਸ ਪੰਜਾਬੀ ਸਵੈ-ਜੀਵਨੀ ਵਿਚ ਪਹਿਲੀ ਵੇਰ ਸਾਮ੍ਹਣੇ ਆਉਂਦੀ ਹੈ। ਕੇਵਲ ਘਟਨਾਵਾਂ ਦਾ ਉਲੇਖ ਹੀ ਨਹੀਂ ਕੀਤਾ ਗਿਆ। ਇਸ ਬਿਆਨ ਤੇ ਬਿਰਤਾਂਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਸਮੁੱਚੀ ਸਾਮਾਜਿਕ ਸੰਰਚਨਾ ਦਾ ਵਿਸ਼ਲੇਸ਼ਣ ਵੀ ਆ ਜਾਂਦਾ ਹੈ। ਇਸ ਯਥਾਰਥ ਦੀ ਠੇਠ ਸ਼ੈਲੀ ਉਸ ਸਾਰੇ ਸ਼ਬਦ-ਪ੍ਰਬੰਧ ਨੂੰ ਵੀ ਸਾਮ੍ਹਣੇ ਲਿਆਉਂਦੀ ਹੈ, ਕਿਉਂਕਿ ਦਲਿਤ ਯਥਾਰਥ ਨਾਲ ਇਕ ਸ਼ੈਲੀ ਤੇ ਸ਼ਬਦ-ਪ੍ਰਬੰਧ ਵੀ ਸੰਘਣੇ ਰੂਪ ਵਿਚ ਜੁੜਿਆ ਹੋਇਆ ਹੈ, ਜਿਸ ਦੀ ਪਕੜ ਤੋਂ ਬਿਨਾ ਵਿਚਾਰਧਾਰਕ ਵਿਸ਼ਲੇਸ਼ਣ ਸੰਭਵ ਨਹੀਂ ਹੋ ਸਕਦਾ। ਬਲਬੀਰ ਮਾਧੋਪੁਰੀ ਨੇ ਸਵੈ-ਜੀਵਨੀ ਦੇ ਇਸ ਸਮੁੱਚ ਅਤੇ ਵਿਧਾ ਨੂੰ ਬਹੁਤ ਚੇਤੰਨ ਰੂਪ ਵਿਚ ਸਮਝਿਆ ਹੈ। ਇਉਂ ਉਸਦੀ ਇਹ ਸਵੈ-ਜੀਵਨੀ ਪੰਜਾਬੀ ਵਿਚ ਇਸ ਵਿਧਾ ਦਾ ਉਹ ਪ੍ਰਤਿਮਾਨ ਕਾਇਮ ਕਰਦੀ ਹੈ, ਜਿਸ ਦੀ ਸਵੈ-ਜੀਵਨੀ ਦੇ ਇਤਿਹਾਸ ਵਿਚ ਤਲਾਸ਼ ਸੀ" (ਪੁਸਤਕ ਦੇ ਬੈਕ ਫ਼ਲੈਪ ਦੀ ਇਬਾਰਤ)

ਇਸ ਤਰ੍ਹਾਂ ਪੰਜਾਬੀ ਦੇ ਇਕ ਸਮਰੱਥ ਆਲੋਚਕ ਨੇ ਇਸ ਰਚਨਾ ਨੂੰ ਪੰਜਾਬੀ ਦੇ ਸਵੈ-ਜੀਵਨੀ ਸਾਹਿਤ ਵਿਚ ਵਿਲੱਖਣ ਤੇ ਵਿਸ਼ੇਸ਼ ਸਥਾਨ ਰੱਖਣ ਵਾਲੀ ਰਚਨਾ ਆਖ ਕੇ ਵਡਿਆਇਆ ਹੈ ਅਤੇ ਇਸ ਦੇ ਦਲਿਤ ਸਰੋਕਾਰ ਵਲ ਵੀ ਸੰਕੇਤ ਕੀਤਾ ਹੈ। ਅਸਲ ਵਿਚ ਇਸ ਪੁਸਤਕ ਦਾ ਹਕੀਕੀ ਗੌਰਵ ਨਿਰੋਲ ਇਸ ਦੀ ਵਿਧਾਗਤ ਵਿਲੱਖਣਤਾ ਅਤੇ ਸ਼ੈਲੀਗਤ ਵਿਸ਼ੇਸ਼ਤਾ ਵਿਚ ਨਹੀਂ ਸਗੋਂ ਪ੍ਰਭਾਵਸ਼ਾਲੀ ਦਲਿਤ ਪ੍ਰਵਚਨ ਵਜੋਂ ਹੈ ਜਿਸ ਦਾ ਮੰਤਵ ਸਮਕਾਲੀ ਪੰਜਾਬੀ ਯਥਾਰਥ ਦੀ ਵਾਸਤਵਿਕਤਾ ਦੇ ਲੁਕਵੇਂ ਧਰਾਤਲਾਂ ਨੂੰ ਉਜਾਗਰ ਕਰਨਾ ਹੈ। ਇਥੇ ਲੇਖਕ ਨੇ ਆਪਣੇ ਸਵੈ-ਜੀਵਨੀ ਮੂਲਕ ਵੇਰਵਿਆਂ ਰਾਹੀਂ ਦਲਿਤ ਯਥਾਰਥ ਦੀ ਕਰੂਰ ਵਾਸਤਵਿਕਤਾ ਨੂੰ ਜਿਸ ਢੰਗ ਨਾਲ ਮੂਰਤੀਮਾਨ ਕੀਤਾ ਹੈ ਪੰਜਾਬੀ ਵਿਚ ਉਸ ਦੀ ਮਿਸਾਲ ਬਹੁਤ ਘਟ ਮਿਲਦੀ ਹੈ। ਇਸ ਗੱਲ ਬਾਰੇ ਲੇਖਕ ਖ਼ੁਦ ਵੀ ਪੂਰੀ ਤਰ੍ਹਾਂ ਚੇਤਨ ਹੈ ਜਿਸ ਦਾ ਜ਼ਿਕਰ ਪੁਸਤਕ ਦੀ ਭੂਮਿਕਾ ਦੀਆਂ ਇਨ੍ਹਾਂ ਪੰਗਤੀਆਂ ਵਿਚ ਮਿਲਦਾ ਹੈ :

"ਮੈਂ ਆਪਣੇ ਆਪੇ ਨੂੰ ਪਰਤ ਦਰ ਪਰਤ ਉਧੇੜਦਾ – ਸਵੈ ਨਾਲ ਸੰਵਾਦ ਰਚਾਉਂਦਾ, ਆਪੇ ਦੀ ਪਛਾਣ ਦੀ ਤਲਾਸ਼ ਕਰਦਾ ਤਾਂ ਲਿਖਣ ਦਾ ਮਨ ਬਣਾਉਂਦਾ। ਸੱਚ ਜਾਣਿਓਂ, ਕਈ ਜੀਵਨੀ ਵੇਰਵਿਆਂ ਨੂੰ ਜਦੋਂ ਮੈਂ ਲਿਖ ਕੇ ਖ਼ੁਦ ਹੀ ਪੜ੍ਹਿਆ ਤਾਂ ਮੇਰੀਆਂ ਅੱਖਾਂ ਵਿਚ ਪਾਣੀ ਤੇ ਗੱਚ ਭਰ ਆਇਆ। ਪੜ੍ਹਦਿਆਂ ਪੜ੍ਹਦਿਆਂ ਕਈ ਵਾਰ ਰੁਕਣਾ ਪਿਆ। ਸੋਚਦਾ ਕਿ ਮੇਰੇ ਪੁਰਖਿਆਂ ਨੇ ਕਿੰਨੇ ਦੁੱਖ ਝੱਲੇ ਹੋਣਗੇ" (ਛਾਂਗਿਆ ਰੁੱਖ, ਪੰਨਾ, 9.)

ਇਸ ਤਰ੍ਹਾਂ ਲੇਖਕ ਆਪਣੇ ਅਤੀਤ ਦੀਆਂ ਸਿਮਰਤੀਆਂ ਨੂੰ ਸਿਰਫ਼ ਵਿਅਕਤੀਗਤ ਪੀੜਾ ਦੇ ਰੂਪ ਵਿਚ ਨਹੀਂ ਚਿਤਰਦਾ ਸਗੋਂ ਉਨ੍ਹਾਂ ਦੇ ਮਾਧਿਅਮ ਰਾਹੀਂ ਆਪਣੇ ਪੁਰਖਿਆਂ ਦੀ ਘੋਰ ਤ੍ਰਾਸਦਿਕ ਸਥਿਤੀ ਨੂੰ ਵੀ ਚਿਤਾਰਦਾ ਹੈ। ਸੱਚ ਤਾਂ ਇਹ ਹੈ ਕਿ ਆਪਣੀ ਸਿਮਰਤੀ ਵਿਚ ਵਸੇ ਹੋਏ ਇਨ੍ਹਾਂ ਅਨੁਭਵੀ ਛਿਣਾਂ ਦੀ ਪੁਣ ਛਾਣ ਕਰਦਿਆਂ ਦਲਿਤ ਵਰਗ ਦਾ ਸਮੁੱਚਾ ਤ੍ਰਾਸਦਿਕ ਇਤਿਹਾਸ ਵੀ ਲੇਖਕ ਦੀਆਂ ਨਜ਼ਰਾਂ ਥਾਣੀ ਲੰਘਦਾ ਹੈ। ਪਰ ਤਾਂ ਵੀ ਉਹ ਆਪਣੀ ਦਲਿਤ-ਚੇਤਨਾ ਅਤੇ ਸੰਵੇਦਨਾ ਨੂੰ ਨਿਰੋਲ ਨਾਅਰੇ ਵਜੋਂ ਵਿਅਕਤ ਨਹੀਂ ਕਰਦਾ ਸਗੋਂ ਨਿਜੀ ਜੀਵਨ-ਅਨੁਭਵ ਦੇ ਹਵਾਲੇ ਨਾਲ ਇਸ ਦੀ ਹਕੀਕਤ ਨੂੰ ਫ਼ਰੋਲਦਾ ਹੈ। ਇਸ ਸਵੈਜੀਵਨੀ ਵਿਚ ਅਨੇਕਾਂ ਥਾਵਾਂ ਉੱਤੇ ਦਲਿਤ ਯਥਾਰਥ ਦੀ ਇਸੇ ਕਿਸਮ ਦੀ ਹਕੀਕਤ ਨੂੰ ਮੂਰਤੀਮਾਨ ਕੀਤਾ ਗਿਆ ਹੈ। ਪੁਸਤਕ ਦਾ ਆਰੰਭ ਮੇਰੀ ਜੰਮਣ-ਭੋਂ ਮਾਧੋਪੁਰ ਅਧਿਆਇ ਨਾਲ ਹੁੰਦਾ ਹੈ। ਇਸ ਵਿਚ ਲੇਖਕ ਨੇ ਆਪਣੇ ਪਿੰਡ ਦੀ ਭੁਗੋਲਕ ਸਥਿਤੀ ਨਾਲ ਜਾਣ-ਪਛਾਣ ਕਰਾਉਂਦਿਆਂ ਇਸ ਦਾ ਸੰਖੇਪ ਇਤਿਹਾਸ ਵੀ ਬਿਆਨ ਕੀਤਾ ਹੈ। ਇਥੇ ਪਿੰਡ ਦੀ ਸਾਮਾਜਿਕ ਸੰਰਚਨਾ ਅਤੇ ਭਾਈਚਾਰਕ ਬਣਤਰ ਬਾਰੇ ਵੀ ਭਰਪੂਰ ਵੇਰਵਾ ਮਿਲਦਾ ਹੈ ਜੋ ਪੁਸਤਕ ਵਿਚਲੀ ਕੇਂਦਰੀ ਥੀਮ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਹੈ। ਇਸ ਮੰਤਵ ਲਈ ਪੁਸਤਕ ਵਿਚਲੀਆਂ ਨਿਮਨ-ਅੰਕਿਤ ਪੰਗਤੀਆਂ ਹਵਾਲੇ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

"ਪਿੰਡ ਦੇਖਣ ਨੂੰ ਭਾਵੇਂ ਇਕੱਠਾ ਪਰ ਪੀਣ ਦੇ ਪਾਣੀ ਲਈ ਖੂਹ ਆਪੋ ਆਪਣਾ। ਉਪਰੰਤ ਕੁਝ ਮੁਸਲਮਾਨ ਵੀ ਪਿੰਡ ਤੇ ਜ਼ਮੀਨਾਂ ਦੇ ਮਾਲਕ ਹੋ ਗਏ। ਉਹ ਹਿੰਦੂਆਂ-ਸਿੱਖਾਂ ਵਾਂਗ ਨੀਚ ਜਾਤੀਆਂ ਨਾਲ ਛੂਆ ਛਾਤ ਨਾ ਕਰਦੇ - ਸ਼ਾਇਦ ਇਸ ਲਈ ਕਿ ਉਨ੍ਹਾਂ ਵਿਚੋਂ ਬਹੁਤਿਆਂ ਦਾ ਪਿਛੋਕੜ ਅਛੂਤਾਂ ਤੇ ਕੰਮੀ - ਕਾਰੀਗਰ ਜਾਤੀਆਂ ਵਾਲਾ ਸੀ।... ਦੂਜੇ ਪਾਸੇ, ਜੇ ਅਛੂਤਾਂ (ਚਮਾਰ-ਚੂਹੜਾ) ਦਾ ਕੋਈ ਮੁੰਡਾ ਨਹਾ-ਧੋ ਕੇ ਤੇ ਬੋਦਾ ਵਾਹ ਕੇ ਘਰੋਂ ਬਾਹਰ ਨਿਕਲਦਾ ਤਾਂ ਰੁੱਖ ਜਾਂ ਥੜ੍ਹੇ ਉੱਤੇ ਬੈਠੇ ਜੱਟਾਂ ਦੀ ਢਾਣੀ ਵਿਚੋਂ ਕੋਈ ਜਣਾ ਉਹਦੇ ਸਿਰ ਵਿਚ ਮਿੱਟੀ ਪਾ ਦਿੰਦਾ। ਜੇ ਉਹ ਵਿਰੋਧ ਕਰਦਾ ਤਾਂ ਉਹਨੂੰ ਫ਼ੈਂਟਾ ਚਾੜ੍ਹਿਆ ਜਾਂਦਾ।" ( ਪੰਨਾ- 13 )

" ... ਤੇ ਅਛੂਤਾਂ ਦੇ ਮੁਹੱਲੇ / ਬਸਤੀਆਂ ਪੰਜਾਬ ਤੇ ਭਾਰਤ ਦੇ ਪਿੰਡਾਂ ਵਿਚ ਲਹਿੰਦੇ ਪਾਸੇ ਹਨ। ਇਸ ਲਈ ਕਿ ਇਹ ਵਰਗ ਹਿੰਦੂ ਸਮਾਜਿਕ ਵਿਵਸਥਾ ਅਨੁਸਾਰ ਚਹੁੰ ਵਰਣਾਂ ਵਿਚੋਂ ਕਿਸੇ ਵਿਚ ਵੀ ਨਹੀਂ ਆਉਂਦੇ ਤੇ ਵਿਵਸਥਾ ਸਮਰਥਕਾਂ ਅਨੁਸਾਰ ਉਨ੍ਹਾਂ ਦਾ ਪ੍ਰਛਾਵਾਂ ਵੀ ਨਹੀਂ ਲਿਆ ਜਾਣਾ ਚਾਹੀਦਾ। ਕਹਿਣ ਨੂੰ ਦਲਿਤ ਹਿੰਦੂ ਧਰਮ ਦਾ ਹਿੱਸਾ ਹਨ ਪਰ ਅਸਲੀਅਤ ਵਿਚ ਇਹ ਧਰਮ ਉਨ੍ਹਾਂ ਨੂੰ ਗੁਲਾਮ ਬਣਾਉਣ ਦਾ ਇਕ ਮਾਧਿਅਮ ਹੈ। ਇਸੇ ਕਰਕੇ ਇਨ੍ਹਾਂ ਲੋਕਾਂ ਨੂੰ ਸਮਾਜ ਦੀ ਮੁੱਖਧਾਰਾ ਤੋਂ ਵੱਖ ਰੱਖਿਆ ਗਿਆ। ਦੂਜੀ ਇਹ ਸੋਚ ਸੀ ਕਿ ਪਿੰਡ ਦਾ ਗੰਦਾ ਪਾਣੀ ਹਮੇਸ਼ਾ ਨੀਵੇਂ ਯਾਨੀ ਲਹਿੰਦੇ ਨੂੰ ਵਗਦਾ ਹੈ - ਇਸ ਕਰਕੇ ਅਜਿਹੇ ਲੋਕਾਂ ਦਾ ਵਾਸ ਗੰਦਮੰਦ ਵਿਚ ਹੀ ਉਚਿਤ ਹੈ। ਅਜਿਹੀ ਘਟੀਆ ਤੇ ਘਿਨਾਉਣੀ ਵਿਵਸਥਾ ਦਾ ਪ੍ਰਤੱਖ ਪ੍ਰਮਾਣ ਅੱਜ ਵੀ ਸਮੂਹ ਪਿੰਡਾਂ ਵਿਚ ਦੇਖਿਆ ਜਾ ਸਕਦਾ ਹੈ।"

( ਪੰਨਾ - 18.)

ਇਸ ਤਰ੍ਹਾਂ ਇਨ੍ਹਾਂ ਪੰਗਤੀਆਂ ਵਿਚ, ਅੱਜ ਤੋਂ ਚਾਲ੍ਹੀ ਪੰਜਾਹ ਸਾਲ ਪਹਿਲਾਂ ਦੇ, ਪੰਜਾਬੀ ਸਮਾਜ-ਸੱਭਿਆਚਾਰ ਦੀ ਯਥਾਰਥਕ ਤਸਵੀਰ ਉੱਭਰਦੀ ਹੈ ਜਿਸ ਵਿਚ ਦਲਿਤ ਵਰਗ ਨਾਲ ਹੁੰਦੇ ਜਾਤ-ਪਾਤੀ ਵਿਤਕਰੇ ਅਤੇ ਸਾਮਾਜਿਕ ਬੇ-ਇਨਸਾਫ਼ੀ ਦਾ ਕਰੂਰ ਚਿਹਰਾ ਵੀ ਉਘੜ ਕੇ ਸਾਮ੍ਹਣੇ ਆਉਂਦਾ ਹੈ। ਅਸਲ ਵਿਚ ਦਲਿਤ ਵਰਗ ਨਾਲ ਹੁੰਦੀ ਇਸ ਬਦ-ਸਲੂਕੀ ਦੇ ਬੀਜ ਭਾਰਤ ਦੀ ਪੁਰਾਤਨ ਸਾਮਾਜਿਕ ਸੰਰਚਨਾ ਵਿਚ ਮਨੂਵਾਦੀ ਜਾਤੀ-ਵਿਵਸਥਾ ਦੇ ਰੂਪ ਵਿਚ ਪਏ ਹੋਏ ਹਨ। ਇਸ ਵਿਵਸਥਾ ਨੇ ਮਨੁੱਖੀ ਭਾਈਚਾਰਿਆਂ ਨੂੰ ਜਾਤਿ ਜਾਂ ਵਰਣ ਦੇ ਮਸਨੂਈ / ਫ਼ਰਜ਼ੀ ਆਧਾਰਾਂ ਅਨੁਸਾਰ ਵੰਡਣ ਦੀ ਸਾਜ਼ਿਸ਼ ਰਚੀ ਜਿਸ ਨੇ ਅਖੌਤੀ ਸਵਰਣ ਜਾਤੀਆਂ ਵਲੋਂ ਗ਼ੈਰ-ਸਵਰਣ ਜਾਂ ਅਵਰਣ ਜਾਤੀਆਂ ਦੇ ਸ਼ੋਸ਼ਣ ਤੇ ਦਮਨ ਦਾ ਰਾਹ ਪੱਧਰਾ ਕਰ ਦਿੱਤਾ। ਇਸ ਤਰ੍ਹਾਂ ਸਦੀਆਂ ਤਕ ਨਿਮਨ ਜਾਤੀਆਂ ਆਰਥਕ ਸ਼ੋਸ਼ਣ ਅਤੇ ਸਾਮਾਜਿਕ ਅਨਿਆਂ ਦਾ ਸ਼ਿਕਾਰ ਬਣੀਆਂ ਰਹੀਆਂ। ਭਾਵੇਂ ਮੱਧਕਾਲੀਨ ਭਾਰਤ ਵਿਚ ਨਿਰਗੁਣਧਾਰਾ ਦੇ ਸੰਤਾਂ, ਭਗਤਾਂ ਅਤੇ ਸਿੱਖ ਗੁਰੂਆਂ ਨੇ ਆਪਣੇ ਰੂਹਾਨੀ ਸੰਦੇਸ਼ ਰਾਹੀਂ ਜਿਸ ਸੱਭਿਆਚਾਰਕ ਨਵ-ਜਾਗ੍ਰਿਤੀ ਦੀ ਲਹਿਰ ਨੂੰ ਜਨਮ ਦਿੱਤਾ ਸੀ ਉਸਨੇ ਇਸ ਅਮਾਨਵੀ ਅਤੇ ਦਮਨਕਾਰੀ ਜਾਤੀਪ੍ਰਥਾ ਨੂੰ ਨਕਾਰਦਿਆਂ ਮਨੁੱਖੀ ਬਰਾਬਰੀ ਦਾ ਸੰਕਲਪ ਸਥਾਪਿਤ ਕੀਤਾ ਸੀ। ਪਰ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਜਾਤੀ-ਸੰਸਕਾਰ ਭਾਰਤੀ ਲੋਕ ਮਨ ਵਿਚ ਇੰਨੀ ਡੂੰਘੀ ਤਰ੍ਹਾਂ ਵਸ ਚੁੱਕੇ ਸਨ ਕਿ ਭਗਤੀ ਲਹਿਰ ਦਾ ਕ੍ਰਾਂਤੀਕਾਰੀ ਪ੍ਰਵਚਨ ਵੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਮਿਟਾਉਣ ਵਿਚ ਸਫਲ ਨਹੀਂ ਹੋ ਸਕਿਆ। ਪੰਜਾਬ ਦੇ ਸੰਦਰਭ ਵਿਚ ਤਾਂ ਇਹ ਸੱਭ ਤੋਂ ਵੱਡੀ ਵਿਡੰਵਨਾ ਹੈ ਕਿ ਗੁਰੂ ਵਿਅਕਤੀਆਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਵੀ ਬਹੁਤੀ ਦੇਰ ਤਕ ਇਨ੍ਹਾਂ ਲੁਕਵੇਂ ਬ੍ਰਾਹਮਣਵਾਦੀ ਸੰਸਕਾਰਾਂ ਦਾ ਮੁਕਾਬਲਾ ਨਹੀਂ ਕਰ ਸਕੀ। ਸਿੱਧਾਂਤ ਤੇ ਵਿਹਾਰ ਵਿਚਲਾ ਫਾਸਲਾ ਹੌਲੀ ਹੌਲੀ ਵਧਦਾ ਗਿਆ ਅਤੇ ਸਿੱਖ ਸਮਾਜ ਵਿਚ ਵੀ ਜਾਤੀ-ਪ੍ਰਥਾ ਚੋਰ ਦਰਵਾਜ਼ਿਉਂ ਮੁੜ ਪ੍ਰਵੇਸ਼ ਕਰ ਗਈ। ਇਸ ਗੱਲ ਦਾ ਅਹਿਸਾਸ ਸੰਕੇਤਕ ਤੌਰ ਤੇ ਪੁਸਤਕ ਵਿਚਲੀਆਂ ਇਨ੍ਹਾਂ ਪੰਗਤੀਆਂ ਤੋਂ ਸਹਿਜੇ ਹੀ ਹੋ ਜਾਂਦਾ ਹੈ :

"ਹਾ ਚਮ੍ਹਾਰਲੀ ਨੂੰ ਦਬਕਾ ਮਾਰ ਕੇ ਪਰੇ ਠਾਅ ਜਰਾ! ਗੁਰਦੁਆਰੇ ਦੀ ਇਮਾਰਤ ਦੀਆਂ ਤਾਕੀਆਂ ਨਾਲ ਸਾਨੂੰ ਚੁੰਬੜਿਆਂ ਤੇ ਇਕ ਦੂਜੇ ਦੇ ਉੱਤੋਂ ਦੀ ਪੱਬਾਂ ਭਾਰ ਸੀਖਾਂ ਫੜ-ਫੜ ਅੰਦਰ ਨੂੰ ਝਾਕਦਿਆਂ ਵਲ ਦੇਖ ਕੇ, ਪ੍ਰਸ਼ਾਦ ਵੰਡਦਾ ਪਿੰਡ ਦਾ ਜੱਟ ਭਾਈ ਆਪਣੇ ਕੋਲ ਖੜ੍ਹੇ ਕਿਸੇ ਨੂੰ ਅਕਸਰ ਹੀ ਸੰਗਰਾਂਦ ਜਾਂ ਗੁਰਪੁਰਬ ਦੇ ਮੌਕੇ ਕਹਿੰਦਾ।" ( ਪੰਨਾ-19.)

ਇਨ੍ਹਾਂ ਪੰਗਤੀਆਂ ਵਿਚ ਸਿੱਖ-ਧਰਮ ਦੀ ਰਵਾਇਤੀ ਸਰਬ-ਸਾਂਝੀਵਾਲਤਾ ਨੂੰ ਨਕਾਰਨ ਵਾਲੀ ਜਾਤੀ-ਹਉਮੈ ਅਤੇ ਵਿਤਕਰੇ ਦੀ ਭਾਵਨਾ ਸਾਫ਼ ਝਲਕਦੀ ਦਿਖਾਈ ਦਿੰਦੀ ਹੈ। ਪੁਸਤਕ ਵਿਚਲੇ ਸਵੈ-ਜੀਵਨੀ ਮੂਲਕ ਬਿਰਤਾਂਤ ਵਿਚ ਅਨੇਕਾਂ ਥਾਈਂ ਇਸੇ ਕਿਸਮ ਦੇ ਦ੍ਰਿਸ਼ ਸਾਮ੍ਹਣੇ ਆਉਂਦੇ ਹਨ। ਕਿਧਰੇ ਦਲਿਤ ਮਨੁੱਖ ਦੀ ਗੁਰਬਤ ਅਤੇ ਮੰਦਹਾਲੀ ਉੱਤੇ ਵਿਅੰਗ ਕਸਣ ਵਾਲੇ ਅਤੇ ਕਿਧਰੇ ਉਸ ਦੇ ਆਤਮ-ਸੰਮਾਨ ਨੂੰ ਵੰਗਾਰਨ ਵਾਲੇ। ਇਨ੍ਹਾਂ ਦ੍ਰਿਸ਼ਾਂ ਵਿਚ ਦਲਿਤ ਵਰਗ ਦੇ ਦੋ ਤਰ੍ਹਾਂ ਦੇ ਪ੍ਰਤਿਕਰਮ ਨੂੰ ਉਲੀਕਿਆ ਗਿਆ ਹੈ – ਆਤਮ-ਗਿਲਾਣੀ ਅਤੇ ਨਮੋਸ਼ੀ ਨਾਲ ਕਰਮਾਂ ਨੂੰ ਕੋਸਦੇ ਹੋਏ ਜਾਂ ਸਵੈ-ਮਾਣ ਵਿਚੋਂ ਉਪਜੇ ਰੋਹ ਤੇ ਵਿਦਰੋਹ ਨਾਲ ਭਰੇ ਹੋਏ। ਸਦੀਆਂ

ਤੋਂ ਆਰਥਕ ਸ਼ੋਸ਼ਣ, ਗੁਰਬਤ, ਅਤੇ ਸਾਮਾਜਿਕ ਅਨਿਆਂ ਦੇ ਲਿਤਾੜੇ ਹੋਏ ਦਲਿਤ ਵਰਗ ਨੂੰ ਗੁਲਾਮ ਬਣਾਈ ਰੱਖਣ ਲਈ ਭਾਰਤੀ ਸਮਾਜ ਵਿਚ ਕੁਲੀਨ ਦਾ ਪੱਖ ਪੂਰਨ ਵਾਲੀ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਵੀ ਹਮੇਸ਼ਾ ਨਾਂਹ-ਪੱਖੀ ਰੋਲ ਅਦਾ ਕੀਤਾ ਹੈ। ਜਨਮ ਅਤੇ ਜਾਤ ਨਾਲ ਸੰਬੰਧਿਤ ਕਰਮ-ਫਲਸਫੇ ਦੀ ਮਿੱਥ ਵੀ ਇਸੇ ਕਿਸਮ ਦਾ ਵਿਚਾਰਧਾਰਾਈ ਹੱਥਕੰਡਾ ਸਿੱਧ ਹੋਇਆ ਹੈ। ਇਸ ਪੁਸਤਕ ਵਿਚਲੇ ਕੁਝ ਪਾਤਰ ਇਸੇ ਕਰਮ ਸਿੱਧਾਂਤ ਦੇ ਪ੍ਰਭਾਵ ਅਧੀਨ ਕਿਸਮਤ ਨੂੰ ਕੋਸਦੇ ਪਰ ਕੁਝ ਪਾਤਰ ਅਜਿਹੇ ਵੀ ਹਨ ਜਿਹੜੇ ਇਨ੍ਹਾਂ ਵਿਸ਼ਵਾਸ਼-ਪ੍ਰਬੰਧਾਂ ਨੂੰ ਮੰਨਣ ਤੋਂ ਇਨਕਾਰੀ ਹਨ। ਮਿਸਾਲ ਵਜੋਂ ਭਾਈਏ ਦੇ ਇਹ ਬੋਲ ਦੇਖੇ ਜਾ ਸਕਦੇ ਹਨ :

"ਬੰਦਿਆਂ ਨੂੰ ਜਾਤਾਂ ਚ ਵੰਡ ਕੇ ਕੁਫਰ ਇਹ ਮਕਾਰ ਤੋਲਦੇ ਆ। ਭਲਾ ਬੰਦਿਆਂ ਦੀ ਬੀ ਕੋਈ ਜਾਤ ਹੁੰਦੀ ਹੈ। ਇਹ ਪਸੂਆਂ-ਪੱਥਰਾਂ ਨੂੰ ਪੂਜਦੇ ਆ, ਸਾਨੂੰ ਇਨ੍ਹਾਂ ਤੋਂ ਬੀ ਗਏ-ਗੁਜਰੇ ਸਮਝਦੇ ਆ - ਅਖੇ ਪਰੇ ਹੋ ਭਿੱਟ ਹੋ ਜਾਮਾਂਗੇ। ਕੋਈ ਪੁੱਛਣ ਆਲ਼ਾ ਹੋਬੇ ਪਈ ਧੁਆਡੇ ਅੰਗ ਸਾਡੇ ਨਾਲੋਂ ਜਾਦਾ ਲੱਗੇਓ ਆ?" (ਪੰਨਾ - 50)

ਇਸੇ ਤਰ੍ਹਾਂ ਲੇਖਕ ਨੇ ਆਪਣੀ ਦਾਦੀ ਦੇ ਪਾਤਰ ਰਾਹੀਂ ਵੀ ਦਲਿਤ ਮਨੁੱਖ ਦੇ ਸਵੈਮਾਣ ਵਿਚੋਂ ਉੱਭਰੇ ਆਕਰੋਸ਼ ਨੂੰ ਜ਼ੁਬਾਨ ਦਿੱਤੀ ਹੈ। ਜਦੋਂ ਪਿੰਡ ਦਾ ਕੋਈ ਸ਼ਰਾਰਤੀ ਗੈਰ-ਦਲਿਤ ਮੰਡਾ ਦਾਦੀ ਨੂੰ ਚਿੜਾਉਣ ਲਈ ਲੰਘਦਾ ਜਾਂਦਾ ਇਕ ਬੋਲੀ ਜਿਹੀ ਪਾ ਜਾਂਦਾ ਹੈ - "ਧੁਆਡੀ ਸੱਤੋ ਦੇ ਜਾਰ, ਕੋਈ ਚੂਹੜਾ ਕੋਈ ਚਮਾਰ " ਤਾਂ ਉਹ ਗਾਲਾਂ ਦਾ ਮੀਂਹ ਵਰ੍ਹਾ ਦਿੰਦੀ ਹੈ - "ਕਿਹੜੀ ਨਖਸਮੀ ਦਾਂ ? ਖੜ੍ਹਾ ਹੋ ਜਰਾ, ਚੀਰ ਕੇ ਦੋ ਥਾਈਂ ਕਰਾਂ! ... ਕੰਜਰਾਂ ਦੇ ਜਾਣੀ ਦਾ ਜਦੋਂ ਲੰਘਦਾ ਟਾਂਚ ਕਰ ਕੇ ਦੌੜ ਜਾਂਦਾ, ਮੇਰੇ ਪੇ ਦਾ ਸਾਲਾ!" ਇਸੇ ਤਰ੍ਹਾਂ ਦਾ ਇਕ ਹੋਰ ਪਾਤਰ ਫੁੰਮ੍ਹਣ ਹੈ ਜੋ ਹਰ ਤਰ੍ਹਾਂ ਦੀ ਵਧੀਕੀ ਦਾ ਡਟ ਕੇ ਮੁਕਾਬਲਾ ਕਰਦਾ ਹੈ। ਇਹ ਪਾਤਰ ਦਲਿਤ ਵਰਗ ਵਿਚ ਪੈਦਾ ਹੋ ਰਹੀ ਜਾਗ੍ਰਿਤੀ ਦਾ ਪ੍ਰਤੀਕ ਮੰਨਿਆਂ ਜਾ ਸਕਦਾ ਹੈ। ਉਸ ਦੇ ਸਾਮ੍ਹਣੇ ਜਦੋਂ ਵੀ ਕੋਈ ਬੰਦਾ ਜਾਤੀ-ਹਉਮੈ ਕਾਰਨ ਵਿਹੜੇ ਦੇ ਲੋਕਾਂ ਨੂੰ ਗਾਲ਼-ਮੰਦਾ ਬੋਲਦਾ ਹੈ, ਤਾਂ ਉਹ ਬਰਾਬਰ ਦੀ ਚੋਟ ਕਰਨੋਂ ਨਹੀਂ ਝਿਜਕਦਾ। ਪੁਸਤਕ ਵਿਚਲਾ ਇਹ ਸੰਵਾਦੀ ਟੋਟਾ ਇਸੇ ਗੱਲ ਦੀ ਸਾਖੀ ਭਰਦਾ ਹੈ : "ਏਦਾਂ ਨਹ੍ਹੀਂ ਮੰਨਣ ਆਲ਼ਾ ਇਹ ਚਮਾਰ-ਬਾਧਾ ! ਬੂਹ ਬੂਹ ਨੇ ਗੁੱਸੇ ਵਿਚ ਉੱਲਰ ਕੇ ਟੋਕਦਿਆਂ ਆਖਿਆ ਤੇ ਨਾਲ ਹੀ ਸੱਜੀ ਲੱਤ ਪਿਛਾਂਹ ਨੂੰ ਮੋੜ ਕੇ ਹੱਥ ਨਾਲ ਪੈਰੋਂ ਧੌੜੀ ਦੀ ਜੁੱਤੀ ਲਾਹੁਣ ਦੀ ਕੋਸ਼ਿਸ਼ ਕੀਤੀ। ਜਾਹ ਜੋ ਕਰਨਾ ਤੂੰ ਕਰਲਾ - ਖਾਹ-ਮਖਾਹ ਸਿਰ ਤੇ ਚੜ੍ਹੀ ਜਾਨਾਂ - ਮੋਹਰੇ ਕੋਈ ਕੁਸਕਦਾ ਨਈਂ ਤਾਂ ਕਰਕੇ ! ਜਾਹ ਪਈਲਾਂ ਨਾਂਗਿਆਂ ਦੇ ਬੁੜ੍ਹੇ ਨੂੰ ਪੁੱਛ - ਓਦਣ ਮੇਰੇ ਕੋਲੋਂ ਹੱਥ ਜੋੜ ਕੇ ਬਚ ਗਿਆ - ਨਈ੍ਹ ਤਾਂ ਦੱਤੀ ਨਾ ਆਦਰਾਂ ਧੂਹ ਲੈਣੀਆਂ ਸੀ !"

ਦਲਿਤ ਸਮਾਜ ਨਾਲ ਹੋ ਰਹੇ ਇਸ ਚੇਤ-ਅਚੇਤੀ ਦੁਰ-ਵਿਵਹਾਰ ਅਤੇ ਉਸ ਦੇ ਪ੍ਰਤਿ-ਉੱਤਰ ਵਜੋਂ ਉਪਜਣ ਵਾਲੇ ਆਕਰੋਸ਼ ਦੀ ਦਾਸਤਾਨ ਬਿਆਨ ਕਰਨ ਵਾਲੇ ਇਸ ਅੰਧਕਾਰਮਈ ਬਿਰਤਾਂਤ ਦਾ ਇਕ ਉਜਲਾ ਪੱਖ ਵੀ ਹੈ ਜਿਹੜਾ ਨਿਰੋਲ ਮਾਨਵੀ ਭਾਵਨਾ ਅਤੇ ਭਰੱਪਣ ਵਿਚ ਵਿਸ਼ਵਾਸ਼ ਜਗਾਉਂਦਾ ਹੈ। ਪੁਸਤਕ ਵਿਚ ਇਸ ਉਜਲੇ ਪੱਖ ਨੂੰ ਰੇਗਿਸਤਾਨ ਵਿਚ ਵਗਿਆ ਦਰਿਆ ਦੇ ਸਿਰਲੇਖ ਅਧੀਨ ਪੇਸ਼ ਕੀਤਾ ਗਿਆ ਹੈ। ਇਸ ਵਿਚ ਇਕ ਜੱਟ ਪਰਿਵਾਰ (ਜਤਿ ਸਿੰਘ ਤੇ ਮਲਕੀਤ ਕੌਰ) ਦੇ ਲੇਖਕ ਨਾਲ ਡੂੰਘੇ ਨੂੰ

ਬਿਆਨ ਕੀਤਾ ਗਿਆ ਹੈ। ਇਸ ਇਕੋ ਇਕ ਤੇ ਅਪਵਾਦ ਰੂਪ ਵਿਚ ਪੇਸ਼ ਹੋਣ ਵਾਲੀ ਘਟਨਾ ਵਿਚ ਸਾਡੇ ਵਿਰਸੇ ਅਤੇ ਵਰਤਮਾਨ ਦਾ ਰੌਸ਼ਨ ਮਾਨਵੀ ਪਹਿਲੂ ਪ੍ਰਕਾਸ਼ਮਾਨ ਹੁੰਦਾ ਹੈ। ਇਹ ਬਿਪਤਾ ਦੇ ਘੋਰ ਕਾਲੇ ਬਦਲਾਂ ਵਿਚ ਲਿਸ਼ਕਾਂ ਮਾਰਦੀ ਨੇਕੀ ਦੀ ਸੁਖਾਵੀਂ ਚਮਕ ਹੈ। ਇਸ ਤੋਂ ਉਪਰੰਤ ਲੇਖਕ ਦੀ ਸਵੈ-ਜੀਵਨੀ ਦਾ ਇਹ ਬਿਰਤਾਂਤ ਉਸ ਦੇ ਬਚਪਨ ਦੇ ਸੰਘਰਸ਼ਮਈ ਜੀਵਨ ਅਤੇ ਪੰਜਾਬ ਦੇ ਪੇਂਡੂ ਦਲਿਤ ਸਮਾਜ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੋਇਆ ਦਿੱਲੀ ਮਹਾਂਨਗਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਹ ਪੜ੍ਹ-ਲਿਖ ਕੇ ਸਰਕਾਰੀ ਨੌਕਰੀ ਹਾਸਿਲ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਅਤੇ ਆਪਣੇ ਘਰ ਪਰਿਵਾਰ ਦੀ ਆਰਥਕ ਸਹਾਇਤਾ ਵੀ ਕਰਦਾ ਹੈ। ਇਥੇ ਆ ਕੇ ਉਸਨੂੰ ਜਾਤ-ਪਾਤੀ ਵਿਤਕਰੇ ਤੋਂ ਰਾਹਤ ਮਿਲਣ ਦੀ ਆਸ ਸੀ ਪਰ ਉਸ ਨੂੰ ਇਥੋਂ ਦੇ ਮਾਹੌਲ ਵਿਚ ਵੀ ਕਦਮ ਕਦਮ ਤੇ ਜਾਤੀ-ਪ੍ਰਥਾ ਦੇ ਸੰਸਕਾਰਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਕਿਰਾਏ ਤੇ ਮਕਾਨ ਲੈਣ ਵੇਲੇ ਜਾਂ ਰੋਜ਼ਾਨਾ ਜੀਵਨ ਵਿਚ ਗੱਲੀਂ ਬਾਤੀਂ ਲੋਕ ਸੱਭ ਤੋਂ ਪਹਿਲਾਂ ਜਾਤ ਪੁੱਛਦੇ ਹਨ ਅਤੇ ਉਚ-ਨੀਚ ਦੇ ਵਿਤਕਰੇ ਅਨੁਸਾਰ ਹੀ ਵਰਤੋਂ-ਵਿਹਾਰ ਕਰਦੇਹਨ। ਇਥੋਂ ਤਕ ਕਿ ਪੜ੍ਹੀ-ਲਿਖੀ ਸ਼ਹਿਰੀ ਮੱਧ-ਸ਼੍ਰੇਣੀ ਵੀ ਜਾਤੀਗਤ ਸੰਸਕਾਰਾਂ ਤੋਂ ਮੁਕਤ ਨਹੀਂ।ਮੌਕਾ ਮਿਲਦਿਆਂ ਹੀ ਇਸਦਾ ਅਵਚੇਤਨ ਹਰਕਤ ਵਿਚ ਆ ਜਾਂਦਾ ਹੈ ਅਤੇ ਇਹ ਮਨੂਵਾਦੀ ਸੰਸਕਾਰਾਂ ਦੀ ਭਾਸ਼ਾ ਬੋਲਣ ਲੱਗ ਜਾਂਦੀ ਹੈ। ਇਸ ਤਰ੍ਹਾਂ ਬਲਬੀਰ ਮਾਧੋਪੁਰੀ ਦੀ ਇਹ ਸਵੈ-ਜੀਵਨੀ ਉਸ ਦੇ ਵਿਅਕਤੀਗਤ ਜੀਵਨ-ਅਨੁਭਵ ਨੂੰ ਪੇਸ਼ ਕਰਦੀ ਹੋਈ ਪੰਜਾਬ ਅਤੇ ਭਾਰਤ ਦੀ ਸਾਮਾਜਿਕ ਸੰਰਚਨਾ ਨੂੰ ਵੀ ਫਰੋਲਦੀ ਹੈ। ਇਹ ਦਲਿਤ ਯਥਾਰਥ ਦੀ ਸਿਰਫ਼ ਪਾਸ਼ਕਾਰੀ ਨਹੀਂ ਕਰਦੀ ਸਗੋਂ ਉਸਦੇ ਅੰਤਰੀਵ ਸੰਗਠਨ ਵਿਚ ਉਬਲ ਰਹੇ ਰੋਹ ਤੇ ਵਿਦਰੋਹ ਨੂੰ ਵੀ ਜ਼ੁਬਾਨ ਦਿੰਦੀ ਹੈ।ਇਸੇ ਲਈ ਇਸ ਨੂੰ ਸਮਕਾਲੀ ਪੰਜਾਬੀ ਸਾਹਿਤ ਵਿਚ ਦਲਿਤ-ਚੇਤਨਾ ਦੀ ਇਕ ਮਹੱਤਵਪੂਰਣ ਟੈਕਸਟ ਆਖਿਆ ਜਾ ਸਕਦਾ ਹੈ।